## ਕਿਉਂ ਐਸਬੀਆਈ ਲਾਈਫ਼ – ਸਮਾਰਟ ਮਨੀ ਪਲਾਨਰ?

**ਐਸਬੀਆਈ ਲਾਈਫ਼ – ਸਮਾਰਟ ਮਨੀ ਪਲਾਨਰ** ਇਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

ਤੁਸੀਂ ਆਪਣੇ ਆਪਣਿਆਂ ਨੂੰ ਖੁਸ਼ੀਆਂ ਅਤੇ ਸੁਰੱਖਿਆ ਨਾਲ ਭਰੇ ਜੀਵਨ ਦਾ ਵਾਅਦਾ ਕਰਦੇ ਹੋ। ਹੁਣ ਤੁਸੀਂ ਆਪਣੇ ਵਾਅਦੇ ਪੂਰੇ ਕਰ ਸਕਦੇ ਹੋ ਐਸਬੀਆਈ ਲਾਈਫ਼ – ਸਮਾਰਟ ਮਨੀ ਪਲਾਨਰ ਦੇ ਨਾਲ, ਜੋ ਸੁਰੱਖਿਆ ਅਤੇ ਤੁਹਾਡੇ ਆਰਥਿਕ ਟੀਚਿਆਂ ਅਨੁਸਾਰ ਨਿਯਮਿਤ ਵਕਫ਼ਿਆਂ ਤੇ ਗਾਰੰਟੀਸ਼ੁਦਾ ਨਕਦ ਆਮਦਨੀ ਦਾ ਦੂਹਰਾ ਲਾਭ ਦਿੰਦੀ ਹੈ।

**ਸਹੂਲਤ :** ਸੀਮਿਤ ਪ੍ਰੀਮੀਅਮ ਅਦਾਇਗੀ ਜਾਂ ਸਿੰਗਲ ਪ੍ਰੀਮੀਅਮ ਵਿਕਲਪ ਵਿੱਚੋਂ ਚੁਣਨ ਦੀ ਸਹੂਲਤ ।

**ਸੰਪੱਤੀ ਨਿਰਮਾਣ ਨਾਲ ਬੀਮਾ :** ਆਪਣੇ ਆਰਥਿਕ ਉਦੇਸ਼ ਪੂਰੇ ਕਰਨ ਲਈ 'ਵਾਧੇ ਦੇ ਸਮੇਂ' ਦੀ ਵਧੀਕ ਖ਼ੁਸ਼ੀ ਨਾਲ ਲਾਭ ਪਾਓ।

**ਨਕਦੀਕਰਣ :** 5 ਜਾਂ 10 ਸਾਲ (ਚੁਣੀ ਹੋਈ ਪਲਾਨ ਦੇ ਆਧਾਰ ਤੇ) ਦੇ ਲਾਭ ਅਦਾਇਗੀ ਦੇ ਸਮੇਂ ਦੌਰਾਨ ਨਕਦ ਮਿਲਣ ਦੀ ਗਾਰੰਟੀ (ਸ਼ਰਤਾਂ ਲਾਗੂ*)।

**ਸੁਰੱਖਿਆ :** ਪ੍ਰੀਮੀਅਮ ਭਰਨ ਦੀ ਪੂਰੀ ਮਿਆਦ, ਗ੍ਰੋਥ ਪੀਰੀਅਡ ਅਤੇ ਲਾਭ ਅਦਾਇਗੀ ਦੇ ਪੂਰੇ ਸਮੇਂ ਮਤਲਬ ਪਾਲਸੀ ਦੀ ਪੂਰੀ ਮਿਆਦ ਦੌਰਾਨ ਜੀਵਨ ਬੀਮਾ ਸੁਰੱਖਿਆ ਮਿਲਦੀ ਹੈ।


## ਮੁੱਖ ਖ਼ੂਬੀਆਂ

- 10 ਸਾਲਾਂ ਤੱਕ ਲਾਭ ਅਦਾਇਗੀ ਸਮੇਂ ਲਈ ਬੀਮੇ ਦੀ ਮੂਲ ਰਕਮ ਦੀ 10% ਜਾਂ 5 ਸਾਲਾਂ ਤੱਕ ਲਾਭ ਅਦਾਇਗੀ ਸਮੇਂ ਲਈ ਬੀਮੇ ਦੀ ਮੂਲ ਰਕਮ ਦੀ 20% ਨਕਦ ਰਕਮ ਉੱਤਰਜੀਵੀ ਲਾਭਾਂ ਦੇ ਰੂਪ ਵਿੱਚ ਗਾਰੰਟੀ (ਸ਼ਰਤਾਂ ਲਾਗੂ*) ਨਾਲ ਪਾਓ।
- ਜੀਵਨ ਦੇ ਵੱਖ-ਵੱਖ ਪੜਾਵਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ 4 ਪਲਾਨ ਵਿਕਲਪ।
- ਜੀਵਨ ਬੀਮਾ ਸੁਰੱਖਿਆ ਪਾਲਸੀ ਦੀ ਪੂਰੀ ਮਿਆਦ ਦੌਰਾਨ ਮਿਲੇਗੀ, ਜੋ ਪ੍ਰੀਮੀਅਮ ਅਦਾਇਗੀ ਸਮੇਂ ਜਮ੍ਹਾ ਗ੍ਰੋਥ ਪੀਰੀਅਡ ਜਮ੍ਹਾ ਲਾਭ ਅਦਾਇਗੀ ਸਮੇਂ ਦੇ ਜੋੜ ਦੇ ਬਰਾਬਰ ਹੈ।
- ਬੀਮੇ ਦੀ ਵੱਡੀ ਰਕਮ ਤੇ ਛੋਟ ਲਾਗੂ।
- ਕਰ ਲਾਭ ਆਮਦਨੀ ਕਰ ਕਾਨੂੰਨ, 1961 ਅਧੀਨ ਮੌਜੂਦਾ ਮਾਪਦੰਡਾਂ ਅਨੁਸਾਰ ਅਤੇ ਸਮੇਂ-ਸਮੇਂ ਅਨੁਸਾਰ ਬਦਲ ਸਕਦੇ ਹਨ।

*ਪ੍ਰਚਲਿਤ ਪਾਲਸੀਆਂ ਲਈ।

## ਉਦਾਹਰਣ

| ਐਸਬੀਆਈ ਲਾਈਫ਼ – ਸਮਾਰਟ ਮਨੀ ਪਲਾਨਰ (ਪਲਾਨ 4) | | |
|---|---|---|
| **ਬੀਮੇ ਵਾਲੇ ਵਿਅਕਤੀ ਦੀ ਉਮਰ :** 40 ਸਾਲ | **ਪ੍ਰੀਮੀਅਮ ਦਾ ਵਕਫ਼ਾ :** ਸਾਲਾਨਾ | **ਪਾਲਸੀ ਦੀ ਮਿਆਦ :** 25 ਸਾਲ |
| **ਸਾਲਾਨਾ ਪ੍ਰੀਮੀਅਮ :** ₹42,825 ਪ੍ਰਤੀ ਸਾਲ (ਲਾਗੂ ਟੈਕਸਾਂ ਨੂੰ ਛੱਡ ਕੇ) | **ਮੂਲ ਬੀਮੇ ਦੀ ਰਕਮ :** ₹5,00,000<br>**ਪ੍ਰੀਮੀਅਮ ਅਦਾਇਗੀ ਦਾ ਸਮਾਂ :** 10 ਸਾਲ | |




*$ਮਿਆਦ ਪੂਰੀ ਹੋਣ ਤੇ ਲਾਭ ਦੇ ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਬੋਨਸ ਜਮ੍ਹਾ ਹੋਣ ਦੇ ਸਮੇਂ ਦੌਰਾਨ ਬੋਨਸ ਦੀਆਂ ਦਰਾਂ ਸਥਿਰ ਮੰਨੀਆਂ ਗਈਆਂ ਹਨ, ਜਦੋਂ ਕਿ ਅਸਲੀ ਬੋਨਸ ਵੱਖਰਾ ਹੋ ਸਕਦਾ ਹੈ, ਜੋ ਕੰਪਨੀ ਦੇ ਨਿਵੇਸ਼ ਦੇ ਤਜਰਬੇ ਉੱਤੇ ਨਿਰਭਰ ਕਰਦਾ ਹੈ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਮੁਨਾਫ਼ੇ, ਭਵਿੱਖ ਵਿੱਚ ਨਿਵੇਸ਼ ਦੀ ਕਾਰਗੁਜ਼ਾਰੀ ਸਮੇਤ, ਕਈ ਕਾਰਨਾਂ ਉੱਤੇ ਨਿਰਭਰ ਕਰਦੇ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।*

## ਐਸਬੀਆਈ ਲਾਈਫ਼ – ਸਮਾਰਟ ਮਨੀ ਪਲਾਨਰ ਉੱਤੇ ਇੱਕ ਨਜ਼ਰ

| ਪਲਾਨ ਦੇ ਵਿਕਲਪ | ਪਲਾਨ 1 | ਪਲਾਨ 2 | ਪਲਾਨ 3 | ਪਲਾਨ 4 |
|---|---|---|---|---|
| ਦਾਖਲੇ ਵੇਲੇ ਉਮਰ^ | **ਘੱਟੋ-ਘੱਟ** : 18 ਸਾਲ | **ਘੱਟੋ-ਘੱਟ** : 18 ਸਾਲ | **ਘੱਟੋ-ਘੱਟ** : 18 ਸਾਲ | **ਘੱਟੋ-ਘੱਟ** : 18 ਸਾਲ |
| | **ਵੱਧ ਤੋਂ ਵੱਧ** : 60 ਸਾਲ | **ਵੱਧ ਤੋਂ ਵੱਧ** : 55 ਸਾਲ | **ਵੱਧ ਤੋਂ ਵੱਧ** : 55 ਸਾਲ | **ਵੱਧ ਤੋਂ ਵੱਧ** : 50 ਸਾਲ |
| ਮਿਆਦ ਪੂਰੀ ਹੋਣ ਵੇਲੇ ਉਮਰ^ | **ਵੱਧ ਤੋਂ ਵੱਧ** : 75 ਸਾਲ | | | |
| ਮੂਲ ਬੀਮੇ ਦੀ ਰਕਮ | **ਘੱਟੋ-ਘੱਟ** : ₹1,00,000 | **ਵੱਧ ਤੋਂ ਵੱਧ^^** : ₹5,00,00,000 (₹5 ਕਰੋੜ) | | |
| ਪ੍ਰੀਮੀਅਮ ਅਦਾਇਗੀ ਦਾ ਸਮਾਂ | 6 ਸਾਲ | 6 ਸਾਲ | 10 ਸਾਲ | 10 ਸਾਲ |
| ਗ੍ਰੇਸ ਪੀਰੀਅਡ | 4 ਸਾਲ | 4 ਸਾਲ | 5 ਸਾਲ | 5 ਸਾਲ |
| ਲਾਭ ਅਦਾਇਗੀ ਸਮਾਂ | 5 ਸਾਲ | 10 ਸਾਲ | 5 ਸਾਲ | 10 ਸਾਲ |
| ਪਾਲਸੀ ਦੀ ਮਿਆਦ | 15 ਸਾਲ | 20 ਸਾਲ | 20 ਸਾਲ | 25 ਸਾਲ |
| ਬੀਮੇ ਦੀ ਮੂਲ ਰਕਮ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਲਾਭ ਦੀ ਅਦਾਇਗੀ | 20% | 10% | 20% | 10% |
| ਪ੍ਰੀਮੀਅਮ ਭਰਣ ਦਾ ਤਰੀਕਾ | ਸਿੰਗਲ ਪ੍ਰੀਮੀਅਮ/ਸਾਲਾਨਾ/ਛਿਮਾਹੀ/ਤਿਮਾਹੀ/ਮਾਸਿਕ# | | | |
| ਪ੍ਰੀਮੀਅਮ ਭਰਣ ਦਾ ਵਕਫ਼ਾ | ਛਿਮਾਹੀ : ਸਾਲਾਨਾ ਪ੍ਰੀਮੀਅਮ ਦਾ 51.00%<br>ਤਿਮਾਹੀ : ਸਾਲਾਨਾ ਪ੍ਰੀਮੀਅਮ ਦਾ 26.00%<br>ਮਾਸਿਕ : ਸਾਲਾਨਾ ਪ੍ਰੀਮੀਅਮ ਦਾ 8.50% | | | |

*^ਹਰ ਥਾਂ ਉਮਰ ਦਾ ਮਤਲੱਬ ਹੈ ਪਿਛਲੇ ਜਨਮ-ਦਿਨ ਵੇਲੇ ਉਮਰ।*

*^^ਮੂਲ ਬੀਮੇ ਦੀ ਵੱਧ ਤੋਂ ਵੱਧ ਰਕਮ ਬੋਰਡ ਦੀ ਮਨਜ਼ੂਰਸ਼ੁਦਾ ਅੰਡਰਰਾਈਟਿੰਗ ਪਾਲਸੀ ਅਧੀਨ ਹੋਵੇਗੀ। ਵੱਧ ਤੋਂ ਵੱਧ ਪ੍ਰੀਮੀਅਮ ਪੇਸ਼ ਕੀਤੀ ਗਈ ਮੂਲ ਬੀਮੇ ਦੀ ਰਕਮ ਉੱਤੇ ਆਧਾਰਿਤ ਹੋਵੇਗੀ।*

*#3 ਮਹੀਨਿਆਂ ਤੱਕ ਦਾ ਪ੍ਰੀਮੀਅਮ ਅਗਾਊਂ ਦੇਣਾ ਹੋਵੇਗਾ ਅਤੇ ਨਵੀਨੀਕਰਣ ਪ੍ਰੀਮੀਅਮ ਦੀ ਅਦਾਇਗੀ ਕੇਵਲ ਇਲੈਕਟ੍ਰੌਨਿਕ ਕਲੀਅਰਿੰਗ ਸਿਸਟਮ (ECS) ਜਾਂ ਪੱਕੀਆਂ ਹਦਾਇਤਾਂ (ਜਿੱਥੇ ਅਦਾਇਗੀ ਬੈਂਕ ਖਾਤੇ ਦੇ ਡਾਇਰੈਕਟ ਡੈਬਿਟ ਜਾਂ ਕ੍ਰੈਡਿਟ ਕਾਰਡ ਦੁਆਰਾ ਕੀਤੀ ਜਾਂਦੀ ਹੈ) ਰਾਹੀਂ ਕੀਤੀ ਜਾਵੇਗੀ। ਮਾਸਿਕ ਸੈਲਰੀ ਸੇਵਿੰਗ ਸਕੀਮ (SSS) ਲਈ 2 ਮਹੀਨੇ ਤੱਕ ਦਾ ਪ੍ਰੀਮੀਅਮ ਪੇਸ਼ਗੀ ਭਰਨਾ ਚਾਹੀਦਾ ਹੈ ਅਤੇ ਨਵੀਨੀਕਰਣ ਪ੍ਰੀਮੀਅਮ ਭਰਣ ਦੀ ਇਜਾਜ਼ਤ ਕੇਵਲ ਵੇਤਨ ਕਟੌਤੀ ਰਾਹੀਂ ਹੈ।*

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

1) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।
2) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)

ਐਸਬੀਆਈ ਲਾਈਫ਼ – ਸਮਾਰਟ ਮਨੀ ਪਲਾਨਰ ਇਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ– 400069.। **IRDAI ਰਜਿਸਟ੍ਰੇਸ਼ਨ ਨੰਬਰ 111**। CIN : L99999MH2000PLC129113.
NW/1R/ver1/02/22/SP/PUN